Punjab ICT Education Society

**ਸੈਸ਼ਨ 2021-22**
**ਸ਼ੀਟ ਨੰ: 25**

DEPARTMENT OF SCHOOL EDUCATION
Punjab (INDIA)

# ਈ-ਸ਼ਬਦ




## ਅੱਜ ਦਾ ਸ਼ਬਦ "ਕਲਿੱਪਬੋਰਡ"

**"ਕਲਿੱਪਬੋਰਡ"** ਥੋੜੇ ਸਮੇਂ ਲਈ ਪ੍ਰਯੋਗ ਹੋਣ ਵਾਲੀ ਇੱਕ ਅਸਥਾਈ ਸਟੋਰੇਜ਼ ਹੁੰਦੀ ਹੈ ਜੋ ਕਿ ਆਪ੍ਰੇਟਿੰਗ ਸਿਸਟਮ ਦੁਆਰਾ ਮੁਹੱਇਆ ਕਰਵਾਈ ਜਾਂਦੀ ਹੈ। ਇਸ ਸਟੋਰੇਜ਼ ਦਾ ਮੂਲ ਪ੍ਰਯੋਗ ਕਿਸੇ ਸਮੱਗਰੀ ਨੂੰ ਐਪਲੀਕੇਸ਼ਨਾਂ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਜਾਉਣ ਲਈ ਕੀਤੀ ਜਾਂਦੀ ਹੈ। ਕਲਿੱਪਬੋਰਡ ਇੱਕ ਐਪਲੀਕੇਸ਼ਨ ਪ੍ਰੋਗ੍ਰਾਮਿੰਗ ਇੰਟਰਫੇਸ ਹੁੰਦਾ ਹੈ ਜੋ ਕਿ ਕੱਟ, ਕਾਪੀ ਅਤੇ ਪੇਸਟ ਕਰਨ ਦੇ ਆਪ੍ਰੇਸ਼ਨਾਂ ਦੀ ਸੁਵੀਧਾ ਪ੍ਰਦਾਨ ਕਰਦਾ ਹੈ। ਹਰੇਕ ਪ੍ਰੋਗਰਾਮ ਵਿੱਚ ਕਲਿੱਪਬੋਰਡ ਦਾ ਪ੍ਰਬੰਧ ਪ੍ਰੋਗਰਾਮ ਦੁਆਰਾ ਖੁਦ ਹੀ ਕੀਤਾ ਜਾਂਦਾ ਹੈ। ਜਦੋਂ ਕਿਸੇ ਸਮੱਗਰੀ ਨੂੰ ਕਾਪੀ ਜਾਂ ਕੱਟ ਕੀਤਾ ਜਾਂਦਾ ਹੈ ਤਾਂ ਕਲਿੱਪਬੋਰਡ ਵਿੱਚ ਲੋੜੀਂਦੀ ਸੂਚਨਾ ਸਟੋਰ ਕੀਤੀ ਜਾਣੀ ਜਰੂਰੀ ਹੁੰਦੀ ਹੈ ਤਾਂ ਜੋ ਕੱਟ/ਕਾਪੀ ਕੀਤੀ ਗਈ ਸਮੱਗਰੀ ਪੇਸਟ ਕੀਤੀ ਜਾ ਸਕੇ।

ਐਪਲੀਕੇਸ਼ਨ ਪ੍ਰੋਗਰਾਮ ਆਪ੍ਰੇਟਿੰਗ ਸਿਸਟਮ ਦੁਆਰਾ ਮੁਹੱਇਆ ਕਰਵਾਏ ਜਾਣ ਵਾਲੇ ਫੰਕਸ਼ਨਾਂ ਵਿੱਚ ਵਾਧਾ ਕਰ ਸਕਦੇ ਹਨ। ਕਲਿੱਪਬੋਰਡ ਮੈਨੇਜ਼ਰ ਕਲਿੱਪਬੋਰਡ ਤੇ ਯੂਜ਼ਰ ਕੰਟਰੋਲ ਬਣਾਉਣ ਵਿੱਚ ਮਦਦ ਕਰਦਾ ਹੈ। ਉਦਾਹਰਣ ਦੇ ਤੌਰ ਤੇ ਇੱਕ ਵਰਡ ਪ੍ਰੋਸੈਸਰ ਵਿੱਚ ਯੂਜ਼ਰ ਨੂੰ ਕੋਈ ਟੈਕਸਟ ਕੱਟ ਕਰਕੇ ਇੱਕ ਥਾਂ ਤੋਂ ਦੂਜੀ ਥਾਂ ਤੇ ਲਿਜਾਣ ਦੀ ਜਰੂਰਤ ਹੋ ਸਕਦੀ ਹੈ। ਅਜਿਹੇ ਸਮੇਂ ਸਲੈਕਟ ਕੀਤੇ ਟੈਕਸਟ ਉਸ ਸਮੇਂ ਤੱਕ ਕਲਿੱਪਬੋਰਡ ਵਿੱਚ ਕਾਪੀ ਰਹਿੰਦੇ ਹਨ ਜਦੋਂ ਤੱਕ ਕਿ ਕੋਈ ਹੋਰ ਕਾਪੀ ਜਾਂ ਕੱਟ ਆਪ੍ਰੇਸ਼ਨ ਨਹੀਂ ਵਰਤਿਆ ਜਾਂਦਾ।

## Word of the Day is "**Clipboard**"

"**Clipboard**" is a temporary storage that is provided by operating systems for short-term storage. This storage is basically used for content transfer within application programs. The clipboard provides an Application Programming Interface (API) by which programs can perform cut, copy and paste operations. The management of clipboard within each program is done by program itself. When an element is copied or cut, the clipboard must store enough information so that cut/copied contents can be pasted.

Application programs may extend the clipboard functions that the operating system provides. A clipboard manager may give the user additional control over the clipboard. For example, in a word processor application, the user may want to cut text from one part of a document and paste it in another part of the document. In such a case the selected contents are stored in the clipboard buffer until another copy or cut operations is not performed.

## ਰੋਚਕ ਤੱਥ:-

ਵਿੰਡੋ 10 ਵਿੱਚ ਕਲਿੱਪਬੋਰਡ ਦਾ ਆਕਾਰ ਕੇਵਲ 4MB ਹੁੰਦਾ ਹੈ। ਜੇਕਰ ਕੋਈ ਵੱਡੀ ਫਾਈਲ ਕਾਪੀ ਕਰਨੀ ਹੁੰਦੀ ਹੈ ਤਾਂ ਉਸਦਾ ਕੇਵਲ ਰੈਫਰੈਂਸ ਹੀ ਕਲਿੱਪਬੋਰਡ ਵਿੱਚ ਕਾਪੀ ਕੀਤਾ ਜਾਂਦਾ ਹੈ।

## Interesting Facts:-

The size of Clipboard is only 4MB in Windows 10. If we copy a large file then only the reference of file is copied in clipboard.

**ਸੰਬੰਧਤ ਈ-ਸ਼ਬਦ ਦੀ ਵੀਡੀਓ ਦੇਖਣ ਲਈ ਲਿੰਕ ਤੇ ਕਲਿੱਕ ਕਰੋ:** https://youtu.be/phEnuB7Qtf8


**D.M.: Mohd. Aarif (Sangrur)** **Sukhwinder Singh (GSSS(G), Sunam Udham Singh Wala)**